Alberta

ਨਿਊਜ਼ ਰਿਲੀਜ਼

ਦੇਖਭਾਲ ਪ੍ਰਾਪਤ ਕਰ ਰਹੇ ਐਲਬਰਟਾ ਵਾਸੀਆਂ ਲਈ ਵਧੇਰੇ ਮਜ਼ਬੂਤ ਸੁਰੱਖਿਆ

ਨਵੰਬਰ 4, 2026

ਪ੍ਰਸਤਾਵਿਤ ਵਿਧਾਨ, ਜੇਕਰ ਪਾਸ ਹੋ ਜਾਂਦਾ ਹੈ, ਤਾਂ ਦੇਖਭਾਲ ਪ੍ਰਾਪਤ ਕਰ ਰਹੇ ਐਲਬਰਟਾ ਵਾਸੀਆਂ ਦੀ ਸੁਰੱਖਿਆ ਨੂੰ ਮਜ਼ਬੂਤ ਕਰੇਗਾ, ਜਵਾਬਦੇਹੀ ਵਿੱਚ ਸੁਧਾਰ ਕਰੇਗਾ ਅਤੇ ਦਇਆਭਾਵੀ ਦਖਲ ਦਾ ਸਮਰਥਨ ਕਰੇਗਾ।

ਬਿੱਲ 39, *ਹੈਲਥ ਸਟੈਚਿਊਟਸ ਅਮੈਂਡਮੈਂਟ ਐਕਟ, 2026 (ਨੰਬਰ 2)* (*Health Statutes Amendment Act, 2026 (No. 2)*), ਪਬਲਿਕ ਫੰਡਾਂ ਨਾਲ ਚੱਲਣ ਵਾਲੀਆਂ ਦੇਖਭਾਲ ਵਾਲੀਆਂ ਥਾਵਾਂ ਵਿੱਚ ਸੁਰੱਖਿਆ ਅਤੇ ਜਵਾਬਦੇਹੀ ਨੂੰ ਮਜ਼ਬੂਤ ਕਰਕੇ ਦੇਖਭਾਲ ਪ੍ਰਾਪਤ ਕਰ ਰਹੇ ਐਲਬਰਟਾ ਵਾਸੀਆਂ ਦੀ ਸੁਰੱਖਿਆ, ਮਾਣ-ਸਤਿਕਾਰ ਅਤੇ ਭਲਾਈ ਨੂੰ ਪਹਿਲ ਦੇਵੇਗਾ। ਪ੍ਰਸਤਾਵਿਤ ਸੋਧਾਂ ਪਬਲਿਕ ਤੌਰ 'ਤੇ ਬੀਮਾਯੁਕਤ ਲੈਬਾਰਟਰੀ ਸੇਵਾਵਾਂ ਤੱਕ ਪਹੁੰਚ ਦੀ ਵੀ ਰੱਖਿਆ ਕਰਨਗੀਆਂ, ਸਿਹਤ ਸਬੰਧੀ ਵਿਧਾਨ ਨੂੰ ਆਧੁਨਿਕ ਬਣਾਉਣਗੀਆਂ ਅਤੇ ਐਲਬਰਟਾ ਦੇ ਸਮੁੱਚੇ ਸਿਹਤ ਪ੍ਰਬੰਧ ਵਿੱਚ ਸਥਿਰਤਾ ਅਤੇ ਪਾਰਦਰਸ਼ਤਾ ਦਾ ਸਮਰਥਨ ਕਰਨਗੀਆਂ।

“ਜਦੋਂ ਐਲਬਰਟਾ ਵਾਸੀ ਸਭ ਤੋਂ ਵੱਧ ਨਾਜ਼ੁਕ ਹਾਲਤ ਵਿੱਚ ਹੁੰਦੇ ਹਨ, ਤਾਂ ਉਨ੍ਹਾਂ ਨੂੰ ਸੁਰੱਖਿਅਤ ਅਤੇ ਮਾਣ-ਮਰਿਆਦਾ ਵਾਲੀ ਦੇਖਭਾਲ 'ਤੇ ਭਰੋਸਾ ਕਰ ਸਕਣ ਦੇ ਯੋਗ ਹੋਣਾ ਚਾਹੀਦਾ ਹੈ। ਇਹ ਪ੍ਰਸਤਾਵਿਤ ਤਬਦੀਲੀਆਂ ਸੁਰੱਖਿਆ ਨੂੰ ਮਜ਼ਬੂਤ ਕਰਨਗੀਆਂ, ਜਵਾਬਦੇਹੀ ਨੂੰ ਪੱਕਾ ਕਰਨਗੀਆਂ ਅਤੇ ਪਰਿਵਾਰਾਂ ਨੂੰ ਇਹ ਵਧੇਰੇ ਭਰੋਸਾ ਦੇਣਗੀਆਂ ਕਿ ਉਨ੍ਹਾਂ ਦੇ ਪਿਆਰੇ ਸੁਰੱਖਿਅਤ ਹਨ।”
Justin Wright, ਮਿਨਿਸਟਰ ਆਫ ਪ੍ਰਾਇਮਰੀ ਐਂਡ ਪ੍ਰੀਵੈਂਟੇਟਿਵ ਹੈਲਥ ਸਰਵਿਸਿਜ਼

ਦੇਖਭਾਲ ਪ੍ਰਾਪਤ ਕਰ ਰਹੇ ਐਲਬਰਟਾ ਵਾਸੀਆਂ ਲਈ ਸੁਰੱਖਿਆ ਨੂੰ ਮਜ਼ਬੂਤ ਕਰਨਾ

ਪ੍ਰੋਟੈਕਸ਼ਨ ਫਾਰ ਪਰਸਨਜ਼ ਇਨ ਕੇਅਰ ਐਕਟ (*Protection for Persons in Care Act*) ਵਿੱਚ ਪ੍ਰਸਤਾਵਿਤ ਸੋਧਾਂ ਇਹ ਸਪਸ਼ਟ ਕਰਨਗੀਆਂ ਕਿ ਪਬਲਿਕ ਫੰਡਾਂ ਨਾਲ ਚੱਲਣ ਵਾਲੇ ਕਿਹੜੇ ਦੇਖਭਾਲ ਅਤੇ ਸਹਾਇਤਾ ਪ੍ਰਦਾਨਕਰਤਾ ਇਸ ਐਕਟ ਦੇ ਦਾਇਰੇ ਵਿੱਚ ਆਉਂਦੇ ਹਨ ਅਤੇ ਦੁਰਵਿਹਾਰ ਦੀਆਂ ਰਿਪੋਰਟਾਂ, ਅਪੀਲਾਂ, ਪਾਲਣਾਵਾਂ ਅਤੇ ਲਾਗੂ ਕਰਨ ਦੀ ਜਾਂਚ-ਪੜਤਾਲ ਕਰਨ ਦੀਆਂ ਪ੍ਰਕਿਰਿਆਵਾਂ ਵਿੱਚ ਸੁਧਾਰ ਕਰਨਗੀਆਂ। ਇਹ ਤਬਦੀਲੀਆਂ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨਗੀਆਂ ਕਿ ਦੁਰਵਿਹਾਰ ਸਬੰਧੀ ਸ਼ਿਕਵਿਆਂ ਦੀ ਸਹੀ ਢੰਗ ਨਾਲ ਜਾਂਚ ਹੁੰਦੀ ਹੈ ਅਤੇ ਉਨ੍ਹਾਂ ਨੂੰ ਹੱਲ ਕੀਤਾ ਜਾਂਦਾ ਹੈ , ਜਿਸ ਨਾਲ ਐਲਬਰਟਾ ਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਧੇਰੇ ਭਰੋਸਾ ਮਿਲੇਗਾ ਕਿ ਦੇਖਭਾਲ ਪ੍ਰਾਪਤ ਕਰ ਰਹੇ ਲੋਕਾਂ ਨਾਲ ਮਾਣ ਅਤੇ ਸਤਿਕਾਰ ਨਾਲ ਪੇਸ਼ ਆਇਆ ਜਾਂਦਾ ਹੈ। ਮੌਜੂਦਾ ਸੁਰੱਖਿਆਵਾਂ ਅਤੇ ਅਪੀਲ ਦੇ ਅਧਿਕਾਰ ਕਾਇਮ ਰਹਿਣਗੇ।

ਨਾਜ਼ੁਕ ਹਾਲਤ ਵਾਲੇ ਐਲਬਰਟਾ ਵਾਸੀਆਂ ਲਈ ਦੇਖਭਾਲ ਨੂੰ ਬਿਹਤਰ ਬਣਾਉਣਾ

ਦਇਆਭਾਵੀ ਦਖਲ ਐਲਬਰਟਾ-ਵਿੱਚ-ਤਿਆਰ ਕੀਤੀ ਗਈ ਇੱਕ ਪਹੁੰਚ ਹੈ, ਜੋ ਨਸ਼ੇ ਦੀ ਲਤ ਦੇ ਸਭ ਤੋਂ ਗੰਭੀਰ ਰੂਪਾਂ ਨਾਲ ਜੂਝ ਰਹੇ ਲੋਕਾਂ ਨੂੰ ਉਨ੍ਹਾਂ ਦੀ ਲੋੜੀਂਦੀ ਦੇਖਭਾਲ ਪ੍ਰਾਪਤ ਕਰਨ ਵਿੱਚ ਮਦਦ ਕਰਦੀ ਹੈ। *ਕੰਪੈਸ਼ਨੇਟ ਇੰਟਰਵੈਂਸ਼ਨ ਐਕਟ* (*Compassionate Intervention Act*) ਦੇ ਤਹਿਤ, ਪਰਿਵਾਰ ਦੇ ਮੈਂਬਰ, ਸਰਪ੍ਰਸਤ, ਸਿਹਤ-ਸੰਭਾਲ ਪ੍ਰੋਫੈਸ਼ਨਲ , ਪੁਲਿਸ ਜਾਂ ਪੀਸ ਅਫਸਰ ਕਿਸੇ ਅਜਿਹੇ ਵਿਅਕਤੀ ਲਈ, ਜਿਸਦੀ ਨਸ਼ੇ ਦੀ ਲਤ ਨੇ ਉਸਨੂੰ ਆਪਣੇ ਆਪ ਲਈ ਜਾਂ ਦੂਜਿਆਂ ਲਈ ਖ਼ਤਰਾ ਬਣਾ ਦਿੱਤਾ ਹੈ, ਆਖਰੀ ਉਪਾਅ ਵਜੋਂ ਮੁਲਾਂਕਣ ਆਰਡਰ ਦੀ ਬੇਨਤੀ ਕਰ ਸਕਦੇ ਹਨ। ਐਕਟ ਵਿੱਚ ਪ੍ਰਸਤਾਵਿਤ ਸੋਧਾਂ ਅਰਜ਼ੀ ਦੇਣ ਅਤੇ ਸੁਣਵਾਈ ਦੀਆਂ ਪ੍ਰਕਿਰਿਆਵਾਂ ਨੂੰ ਮਜ਼ਬੂਤ ਕਰਨਗੀਆਂ, ਜਾਣਕਾਰੀ ਤੱਕ ਸਮੇਂ ਸਿਰ ਪਹੁੰਚ ਦਾ ਸਮਰਥਨ ਦੇਣਗੀਆਂ , ਵਧੇਰੇ ਕਲੀਨਿਕਲ ਲਚਕਤਾ ਪ੍ਰਦਾਨ ਕਰਨਗੀਆਂ ਅਤੇ ਨਿਗਰਾਨੀ ਨੂੰ ਸਪਸ਼ਟ ਕਰਨਗੀਆਂ, ਨਾਲ ਹੀ ਇਹ ਯਕੀਨੀ ਬਣਾਉਣਗੀਆਂ ਕਿ ਮੌਜੂਦਾ ਸੁਰੱਖਿਆ ਪ੍ਰਬੰਧ ਕਾਇਮ ਰਹਿਣ। ਇਹ ਤਬਦੀਲੀਆਂ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨਗੀਆਂ ਕਿ 2027 ਬਸੰਤ ਰੁੱਤ ਵਿੱਚ ਲਾਗੂ ਹੋਣ ਤੋਂ ਬਾਅਦ ਦਇਆਭਾਵੀ ਦਖਲ ਸੁਰੱਖਿਅਤ, ਪ੍ਰਭਾਵਸ਼ਾਲੀ ਅਤੇ ਇਕਸਾਰ ਢੰਗ ਨਾਲ ਪ੍ਰਦਾਨ ਕੀਤਾ ਜਾ ਸਕੇ।

ਮੈਂਟਲ ਹੈਲਥ ਐਕਟ (*Mental Health Act*) ਵਿੱਚ ਪ੍ਰਸਤਾਵਿਤ ਸੋਧਾਂ ਪ੍ਰਵਾਨਿਤ ਹਸਪਤਾਲਾਂ ਦੇ ਅੰਦਰ ਸਿਹਤ ਸੇਵਾ ਖੇਤਰਾਂ ਵਿਚਕਾਰ ਤਾਲਮੇਲ ਨੂੰ ਮਜ਼ਬੂਤ ਕਰਨਗੀਆਂ, ਜਿਸ ਨਾਲ ਮਰੀਜ਼ਾਂ ਦੇ ਅਧਿਕਾਰਾਂ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਕਾਇਮ ਰੱਖਦਿਆਂ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਉਨ੍ਹਾਂ ਨੂੰ ਲੋੜੀਂਦੀ ਦੇਖਭਾਲ ਮਿਲੇ।

“ਅਸੀਂ ਨਸ਼ੇ ਦੀ ਗੰਭੀਰ ਲਤ ਜਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਜੂਝ ਰਹੇ ਐਲਬਰਟਾ ਵਾਸੀਆਂ ਲਈ ਦੇਖਭਾਲ ਨੂੰ ਮਜ਼ਬੂਤ ਕਰ ਰਹੇ ਹਾਂ। ਇਹ ਤਬਦੀਲੀਆਂ ਸਾਨੂੰ ਦਇਆਭਾਵੀ ਦਖਲ ਲਾਗੂ ਕਰਨ ਦਾ ਆਪਣਾ ਵਾਅਦਾ ਪੂਰਾ ਕਰਨ ਵਿੱਚ ਮਦਦ ਕਰਦੀਆਂ ਹਨ, ਤਾਂ ਜੋ ਸਭ ਤੋਂ ਗੰਭੀਰ ਨਸ਼ੇ ਦੀ ਲਤ ਵਾਲੇ ਐਲਬਰਟਾ ਵਾਸੀ ਸੁਰੱਖਿਅਤ, ਤਾਲਮੇਲ ਵਾਲਾ ਅਤੇ ਇਕਸਾਰ ਇਲਾਜ ਪ੍ਰਾਪਤ ਕਰ ਸਕਣ, ਜੋ ਉਨ੍ਹਾਂ ਨੂੰ ਸਿਹਤਯਾਬੀ ਵੱਲ ਵਧਣ ਵਿੱਚ ਮਦਦ ਕਰੇ।”
Rick Wilson, ਮਿਨਿਸਟਰ ਆਫ ਮੈਂਟਲ ਹੈਲਥ ਐਂਡ ਅਡਿਕਸ਼ਨ

ਲੈਬਾਰਟਰੀ ਸੇਵਾਵਾਂ ਲਈ ਪਬਲਿਕ ਫੰਡਿੰਗ ਨੂੰ ਸਪਸ਼ਟ ਕਰਨਾ

ਐਲਬਰਟਾ ਸਰਕਾਰ ਇੱਕ ਮਜ਼ਬੂਤ, ਪਬਲਿਕ ਫੰਡਾਂ ਨਾਲ ਚੱਲਣ ਵਾਲੇ ਸਿਹਤ-ਸੰਭਾਲ ਪ੍ਰਬੰਧ ਪ੍ਰਤੀ ਦ੍ਰਿੜ੍ਹਤਾ ਨਾਲ ਵਚਨਬੱਧ ਹੈ, ਜੋ ਮਰੀਜ਼ਾਂ ਨੂੰ ਪਹਿਲ ਦਿੰਦਾ ਹੈ, ਵਧੇਰੇ ਵਿਕਲਪ ਪ੍ਰਦਾਨ ਕਰਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਡਾਕਟਰੀ ਤੌਰ 'ਤੇ ਜ਼ਰੂਰੀ ਲੈਬਾਰਟਰੀ ਸੇਵਾਵਾਂ ਪਬਲਿਕ ਫੰਡਾਂ ਨਾਲ ਚੱਲਦੀਆਂ ਰਹਿਣ। *ਐਲਬਰਟਾ ਹੈਲਥ ਕੇਅਰ ਇੰਸ਼ੋਰੈਂਸ ਐਕਟ* (*Alberta Health Care Insurance Act*, AHCIA) ਵਿੱਚ ਪ੍ਰਸਤਾਵਿਤ ਸੋਧਾਂ ਬੀਮਾਯੁਕਤ ਦੇਖਭਾਲ ਅਤੇ ਡਾਕਟਰ ਵੱਲੋਂ ਰੈਫਰ ਕੀਤੀ ਦੇਖਭਾਲ ਲਈ ਪਬਲਿਕ ਫੰਡਾਂ ਨਾਲ ਚੱਲਣ ਵਾਲੀਆਂ ਕਮਿਊਨਿਟੀ-ਅਧਾਰਤ ਲੈਬਾਰਟਰੀ ਸੇਵਾਵਾਂ ਤੱਕ ਮੁਫ਼ਤ ਪਹੁੰਚ ਨੂੰ ਕਾਇਮ ਰੱਖਣਗੀਆਂ, ਜਦੋਂ ਕਿ ਇਹ ਯਕੀਨੀ

ਬਣਾਉਣਗੀਆਂ ਕਿ ਪ੍ਰਾਈਵੇਟ ਕਲੀਨਿਕਾਂ ਗੈਰ-ਬੀਮਾਯੁਕਤ ਸੇਵਾਵਾਂ ਨਾਲ ਸਬੰਧਿਤ ਲੈਬਾਰਟਰੀ ਲਾਗਤਾਂ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋਣ।

ਸੈਲਫ-ਇੰਸ਼ੋਰੈਂਸ ਯੋਜਨਾਵਾਂ ਲਈ ਲੋੜਾਂ ਨਿਰਧਾਰਤ ਕਰਨਾ

AHCIA ਵਿੱਚ ਵਧੀਕ ਸੋਧਾਂ ਸਰਕਾਰ ਨੂੰ ਉਨ੍ਹਾਂ ਲੋਕਾਂ ਦੇ ਸੈਲਫ-ਇੰਸ਼ੋਰੈਂਸ ਪ੍ਰਬੰਧਾਂ ਦੀ ਨਿਗਰਾਨੀ ਲਈ ਲੋੜੀਂਦੇ ਨਿਯੰਤਰਿਕ ਸਾਧਨ ਪ੍ਰਦਾਨ ਕਰਨਗੀਆਂ, ਜੋ ਪਬਲਿਕ ਪ੍ਰਬੰਧ ਤੋਂ ਬਾਹਰ ਚੋਣਵੀਂ (ਇਲੈਕਟਿਵ) ਦੇਖਭਾਲ ਪ੍ਰਾਪਤ ਕਰਨ ਦੀ ਚੋਣ ਕਰਦੇ ਹਨ। ਇਸ ਵਿੱਚ ਹਿੱਸਾ ਲੈਣ ਵਾਲੇ ਡਾਕਟਰਾਂ ਅਤੇ ਬੀਮਾਕਰਤਾਵਾਂ ਲਈ ਰਿਕਾਰਡ ਰੱਖਣ ਅਤੇ ਰਿਪੋਰਟਿੰ ਕਰਨ ਦੀਆਂ ਲੋੜਾਂ ਨਿਰਧਾਰਤ ਕਰਨਾ ਸ਼ਾਮਲ ਹੈ। ਐਲਬਰਟਾ ਵਾਸੀਆਂ ਨੂੰ ਪਬਲਿਕ ਫੰਡਾਂ ਨਾਲ ਚੱਲਣ ਵਾਲੀ ਸਿਹਤ-ਸੰਭਾਲ ਤੱਕ ਪਹਿਲਾਂ ਵਾਂਗ ਹੀ ਪਹੁੰਚ ਮਿਲਦੀ ਰਹੇਗੀ, ਅਤੇ ਕਿਸੇ ਵੀ ਐਲਬਰਟਾ ਵਾਸੀ ਲਈ ਸੈਲਫ-ਇੰਸ਼ੋਰੈਂਸ ਰੱਖਣਾ ਲਾਜ਼ਮੀ ਨਹੀਂ ਹੋਵੇਗਾ।

“ਇਹ ਤਬਦੀਲੀਆਂ ਉਨ੍ਹਾਂ ਐਲਬਰਟਾ ਵਾਸੀਆਂ ਲਈ ਸਪਸ਼ਟ ਨਿਯਮ ਅਤੇ ਮਜ਼ਬੂਤ ਸੁਰੱਖਿਆ ਪ੍ਰਬੰਧ ਸਥਾਪਤ ਕਰਦੀਆਂ ਹਨ, ਜੋ ਸੈਲਫ-ਇੰਸ਼ੋਰੈਂਸ ਪ੍ਰਬੰਧਾਂ ਰਾਹੀਂ ਚੋਣਵੀਂ ਦੇਖਭਾਲ ਲਈ ਭੁਗਤਾਨ ਕਰਨ ਦੀ ਚੋਣ ਕਰਦੇ ਹਨ। ਇਹ ਸਾਡੇ ਪਬਲਿਕ ਸਿਹਤ-ਸੰਭਾਲ ਪ੍ਰਬੰਧ ਦੀ ਰੱਖਿਆ ਲਈ ਨਿਗਰਾਨੀ ਨੂੰ ਵੀ ਮਜ਼ਬੂਤ ਕਰਦੀਆਂ ਹਨ, ਨਾਲ ਹੀ ਇਹ ਯਕੀਨੀ ਬਣਾਉਂਦੀਆਂ ਹਨ ਕਿ ਪਬਲਿਕ ਫੰਡਾਂ ਨਾਲ ਚੱਲਣ ਵਾਲੀ ਦੇਖਭਾਲ ਤੱਕ ਐਲਬਰਟਾ ਵਾਸੀਆਂ ਦੀ ਪਹੁੰਚ ਵਿੱਚ ਕੋਈ ਤਬਦੀਲੀ ਨਾ ਆਵੇ।”
Adriana LaGrange, ਮਿਨਿਸਟਰ ਆਫ ਹਾਸਪੀਟਲ ਐਂਡ ਸਰਜੀਕਲ ਹੈਲਥ ਸਰਵਿਸਿਜ਼

ਵਧੀਕ ਪ੍ਰਸਤਾਵਿਤ ਸੋਧਾਂ *ਪਬਲਿਕ ਹੈਲਥ ਐਕਟ* (*Public Health Act*) ਨੂੰ ਅੱਪਡੇਟ ਕਰਨਗੀਆਂ ਅਤੇ ਪੁਰਾਣੀਆਂ ਸੋਧਾਂ ਨੂੰ ਰੱਦ ਕਰਨਗੀਆਂ, ਤਾਂ ਜੋ ਪਬਲਿਕ ਹੈਲਥ ਇੰਸਪੈਕਟਰਾਂ ਨੂੰ ਐਲਬਰਟਾ ਹੈਲਥ ਸਰਵਿਸਿਜ਼ (Alberta Health Services) ਤੋਂ ਪ੍ਰਾਇਮਰੀ ਕੇਅਰ ਐਲਬਰਟਾ (Primary Care Alberta) ਵਿੱਚ ਤਬਦੀਲ ਕਰਨ ਵਿੱਚ ਸਹਾਇਤਾ ਮਿਲ ਸਕੇ।

ਸਬੰਧਿਤ ਜਾਣਕਾਰੀ

- ਐਲਬਰਟਾ ਵਾਸੀਆਂ ਲਈ ਸਿਹਤ-ਸੰਭਾਲ ਤੱਕ ਪਹੁੰਚ ਦਾ ਵਿਸਥਾਰ
- ਵਿਸ਼ਵ-ਪੱਧਰੀ ਸਿਹਤ-ਸੰਭਾਲ ਪ੍ਰਬੰਧ ਦਾ ਸਮਰਥਨ ਕਰਨਾਂ

ਮੀਡੀਆ ਇੰਨਕੁਆਰੀਆਂ

Jaye Lang
jaye.lang@gov.ab.ca
780 427 3665
ਪ੍ਰੈੱਸ ਸੈਕਰੇਟਰੀ, ਪ੍ਰਾਇਮਰੀ ਐਂਡ ਪ੍ਰੀਵੈਂਟੇਟਿਵ ਹੈਲਥ ਸਰਵਿਸਿਜ਼

Alberta

ਨਿਊਜ਼ ਰਿਲੀਜ਼